# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 09-06-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਕਹਿਣਾ ਏ ਕਿ, 140 ਕਰੋੜ ਭਾਰਤੀਆਂ ਦੇ ਆਸ਼ੀਰਵਾਦ ਅਤੇ ਸਮੂਹਿਕ ਹਿੱਸੇਦਾਰੀ ਨਾਲ, ਦੇਸ਼ ਨੇ ਪਿਛਲੇ 11 ਸਾਲਾਂ ਵਿੱਚ, ਵੱਖ-ਵੱਖ ਖੇਤਰਾਂ ਵਿੱਚ ਤੇਜ਼ੀ ਨਾਲ ਬਦਲਾਅ ਦੇਖੇ ਨੇ ।
- ਸੂਬੇ ਦੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਅੱਜ ਪਟਿਆਲਾ ਜ਼ਿਲ੍ਹੇ ਦੇ ਦੁਧਨ-ਸਾਧਾਂ ਵਿਖੇ 8 ਕਰੋੜ 55 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਸਬ-ਡਵੀਜ਼ਨਲ ਕੰਪਲੈਕਸ ਦਾ ਉਦਘਾਟਨ ਕੀਤਾ.
- ਲੁਧਿਆਣਾ ਪੱਛਮੀ ਜ਼ਿਮਨੀ ਚੋਣ ਨੂੰ ਪਾਰਦਰਸ਼ੀ ਬਣਾਉਣ ਲਈ ਆਮ – ਨਿਗਰਾਨ ਰਾਜੀਵ ਕੁਮਾਰ ਅਤੇ ਜ਼ਿਲ੍ਹਾ ਚੋਣ ਅਧਿਕਾਰੀ ਹਿਮਾਂਸ਼ੂ ਜੈਨ ਨੇ ਸਿਆਸੀ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਨਾਲ ਇੱਕ ਮੀਟਿੰਗ ਕੀਤੀ।

- ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਹੋਏ ਲੋਕਾਂ ਦੀ ਮਾਨਸਿਕ ਸਥਿਤੀ ਦਾ ਅਧਿਐਨ ਕਰਕੇ, ਇਲਾਜ ਕਰਨ ਵਾਸਤੇ 200 ਮਨੋਵਿਗਿਆਨੀਆਂ ਦੀ ਭਰਤੀ ਕੀਤੀ ਜਾਵੇਗੀ.
- ਮੌਸਮ ਵਿਭਾਗ ਨੇ ਅਗਲੇ 2 ਦਿਨਾਂ ਦੌਰਾਨ, ਸੂਬੇ 'ਚ ਵੱਧ ਤੋਂ ਵੱਧ ਤਾਪਮਾਨ 43 - 45 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਪੇਸ਼ੀਨਗੋਈ ਕੀਤੀ ਏ

----------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ, 140 ਕਰੋੜ ਭਾਰਤੀਆਂ ਦੇ ਆਸ਼ੀਰਵਾਦ ਅਤੇ ਸਮੂਹਿਕ ਹਿੱਸੇਦਾਰੀ ਨਾਲ, ਦੇਸ਼ ਨੇ ਪਿਛਲੇ 11 ਸਾਲਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਤੇਜ਼ੀ ਨਾਲ ਬਦਲਾਅ ਦੇਖੇ ਨੇ।ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ, ਸਬਕਾ ਪ੍ਰਯਾਸ ਦੇ ਸਿਧਾਂਤ ਤੋਂ ਪ੍ਰੇਰਿਤ ਹੋ ਕੇ, NDA ਸਰਕਾਰ ਨੇ ਗਤੀ, ਪੈਮਾਨੇ ਅਤੇ ਸੰਵੇਦਨਸ਼ੀਲਤਾ ਨਾਲ ਮਹੱਤਵਪੂਰਨ ਬਦਲਾਅ ਕੀਤੇ ਨੇ। ਸ਼੍ਰੀ ਮੋਦੀ ਨੇ ਕਿਹਾ ਕਿ ਇਸ ਸਮੇਂ ਦੌਰਾਨ, ਆਰਥਿਕ ਵਿਕਾਸ ਤੋਂ ਲੈ ਕੇ ਸਮਾਜਿਕ ਉੱਨਤੀ ਤੱਕ, ਸਮਾਵੇਸ਼ੀ ਅਤੇ ਸਰਬਪੱਖੀ ਵਿਕਾਸ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਏ। ਪ੍ਰਧਾਨ ਮੰਤਰੀ ਨੇ ਕਿਹਾ ਏ ਕਿ, ਅੱਜ ਦੇਸ਼ ਨਾ ਸਿਰਫ਼ ਸਭ ਤੋਂ ਤੇਜ਼ੀ ਨਾਲ ਵਧ ਰਹੀ ਵੱਡੀ ਆਰਥਿਕਤਾ ਏ, ਸਗੋਂ ਜਲਵਾਯੂ ਕਾਰਵਾਈ ਅਤੇ

ਡਿਜੀਟਲ ਨਵੀਆਂ ਕਾਢਾਂ ਵਰਗੇ ਅਹਿਮ ਮੁੱਦਿਆਂ 'ਤੇ ਇੱਕ ਪ੍ਰਮੁੱਖ ਆਲਮੀ ਆਵਾਜ਼ ਵੀ ਏ। ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਇੱਕ ਵਿਕਸਤ ਭਾਰਤ ਦੇ ਨਿਰਮਾਣ ਲਈ ਉਮੀਦ, ਵਿਸ਼ਵਾਸ ਅਤੇ ਨਵੇਂ ਇਰਾਦੇ ਨਾਲ ਅੱਗੇ ਵਧ ਰਿਹਾ ਏ। ਪ੍ਰਧਾਨ ਮੰਤਰੀ ਨੇ ਲੋਕਾਂ ਨੂੰ ਭਾਰਤ ਦੀ ਵਿਕਾਸ ਯਾਤਰਾ ਨੂੰ ਜਾਨਣ ਲਈ, ਨਮੋ ਐਪ 'ਤੇ ਉਪਲਬਧ ਵੀਡੀਓਜ਼, ਇਨਫੋਗ੍ਰਾਫਿਕਸ ਅਤੇ ਲੇਖਾਂ ਵਰਗੇ ਮਾਧਿਅਮਾਂ ਰਾਹੀਂ ਜੁੜਨ ਦਾ ਸੱਦਾ ਦਿੱਤਾ।

------------------------------------------------------------

ਭਾਰਤ ਸਰਕਾਰ ਦੇ ਨਾਗਰਿਕ ਸ਼ਮੂਲੀਅਤ ਪਲੇਟਫਾਰਮ, MyGov 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਸਮਰਪਿਤ ਸ਼ਾਸਨ ਦੇ 11 ਸਾਲ ਪੂਰੇ ਹੋਣ ਦੇ ਮੱਦੇਨਜ਼ਰ ਵਿਸ਼ੇਸ਼ ਮੁਕਾਬਲੇ ਕਰਾਏ ਜਾ ਰਹੇ ਨੇ। ਪਿਛਲੇ ਦਹਾਕੇ ਦੌਰਾਨ, ਭਾਰਤ ਨੇ ਸ਼ਾਨਦਾਰ ਵਿਕਾਸ ਅਤੇ ਬਦਲਾਅ ਦੇਖਿਆ ਏ। ਬਿਹਤਰ ਸੜਕਾਂ ਅਤੇ ਮਜ਼ਬੂਤ ਸਿਹਤ ਸੰਭਾਲ ਪ੍ਰਣਾਲੀਆਂ ਤੋਂ ਲੈ ਕੇ ਵਧੀਆ ਜਨਤਕ ਸਹੂਲਤਾਂ, ਬਿਹਤਰ ਸੁਰੱਖਿਆ ਉਪਾਅ ਅਤੇ ਡਿਜੀਟਲ ਬੁਨਿਆਦੀ ਢਾਂਚੇ ਤੱਕ, ਸਾਰੇ ਖੇਤਰਾਂ ਵਿੱਚ ਤਰੱਕੀ ਹੋਈ ਏ। ਇਸ ਪਰਿਵਰਤਨਸ਼ੀਲ ਵਿਕਾਸ ਯਾਤਰਾ ਨੂੰ ਯਾਦ ਕਰਦਿਆਂ ਇਸ ਦੇ ਵੇਰਵਿਆਂ ਨੂੰ ਸੁਰੱਖਿਅਤ ਰੱਖਣ ਲਈ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਨੇ MyGov ਦੇ ਸਹਿਯੋਗ

ਨਾਲ ਦੇਸ਼ ਦੇ ਸਾਰੇ ਨਾਗਰਿਕਾਂ ਨੂੰ "Badalta Bharat Mera Anubhav - Blog Writing Contest" ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਏ। BLOG ਗਰੀਬਾਂ ਅਤੇ ਵਾਂਝੇ ਲੋਕਾਂ ਦੀ ਸੇਵਾ, ਕਿਸਾਨ ਭਲਾਈ, ਨਾਰੀ ਸ਼ਕਤੀ ਅਤੇ ਭਾਰਤ ਦੀ ਅੰਮ੍ਰਿਤ-ਪੀੜ੍ਹੀ ਨੂੰ ਮਜ਼ਬੂਤ ਬਣਾਉਣ ਵਰਗੇ ਵਿਸ਼ਿਆਂ 'ਤੇ ਅੰਗਰੇਜ਼ੀ ਅਤੇ ਹਿੰਦੀ ਵਿੱਚ ਇੱਕ ਹਜ਼ਾਰ ਤੋਂ ਡੇਢ ਹਜ਼ਾਰ ਸ਼ਬਦਾਂ ਵਿੱਚ ਲਿਖੇ ਜਾ ਸਕਦੇ ਨੇ। ਇਸ ਤੋਂ ਇਲਾਵਾ, "Badalta Bharat Mera Anubhav 'ਤੇ ਇੱਕ ਮਿੰਨੀ BLOG ਮੁਕਾਬਲਾ ਵੀ ਕਰਵਾਇਆ ਜਾ ਰਿਹਾ ਏ, ਜਿਸ ਵਿੱਚ ਨਾਗਰਿਕ ਆਪਣੇ ਆਲੇ-ਦੁਆਲੇ ਦੇ ਪ੍ਰਭਾਵਸ਼ਾਲੀ ਬਦਲਾਅ 'ਤੇ ਦੋ ਮਿੰਟ ਦਾ ਬਲੌਗ ਜਮ੍ਹਾਂ ਕਰਕੇ ਹਿੱਸਾ ਲੈ ਸਕਦੇ ਨੇ। ਇਨ੍ਹਾਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਦੀ ਆਖਰੀ ਤਰੀਕ, 20 ਜੂਨ ਏ।

---

ਭਾਰਤ ਵਿਚ ਸੇਵਾ, ਸੁਸ਼ਾਸਨ ਅਤੇ ਗਰੀਬਾਂ ਦੀ ਭਲਾਈ ਦੇ ਸਿਧਾਂਤਾਂ ਸਦਕਾ ਇੱਕ ਦਹਾਕੇ ਵਿਚ ਸ਼ਾਨਦਾਰ ਤਬਦੀਲੀ ਆਈ ਏ. ਪਿਛਲੇ 11 ਸਾਲਾਂ ਵਿਚ ਮੁਖ ਖੇਤਰਾਂ ‘ਚ ਸਰਕਾਰ ਦੇ ਉਪਰਾਲਿਆਂ ਬਾਰੇ ਆਕਾਸ਼ਵਾਣੀ ਖਬਰਾਂ ਵਲੋਂ ਇੱਕ ਵਿਸ਼ੇਸ ਲੜੀ ਪੇਸ਼ ਕੀਤੀ ਜਾ ਰਹੀ ਏ. ਅੱਜ, ਅਸੀਂ ਉੱਤਰ-ਪੂਰਬੀ ਭਾਰਤ ਦੀ ਵਿਕਾਸ ਯਾਤਰਾ 'ਤੇ ਧਿਆਨ ਕੇਂਦਰਿਤ ਕਰ ਰਹੇ ਹਾਂ – ਜੋ ਕਿ ਇੱਕ ਅਜਿਹਾ ਖੇਤਰ ਏ ਜਿਸਨੂੰ ਕਦੇ

ਦੂਰ ਸਮਝਿਆ ਜਾਂਦਾ ਸੀ, ਪਰ ਹੁਣ ਇਹ ਸੰਪਰਕ ਅਤੇ ਤਰੱਕੀ ਦੇ ਪ੍ਰਤੀਕ ਵਜੋਂ ਪੂਰੇ ਮਾਣ ਨਾਲ ਖੜ੍ਹਾ ਏ-

V/C -

*ਪਿਛਲੇ 11 ਸਾਲਾਂ ਵਿੱਚ, ਸਰਕਾਰ ਨੇ ਉੱਤਰ-ਪੂਰਬ ਵਿੱਚ ਸਿਰਫ਼ ਬੁਨਿਆਦੀ ਢਾਂਚੇ ਰਾਹੀਂ ਹੀ ਨਹੀਂ, ਸਗੋਂ ਲੋਕਾਂ ਰਾਹੀਂ ਵੀ ਨਿਵੇਸ਼ ਕੀਤਾ ਏ /*

*ਉੱਤਰ-ਪੂਰਬੀ ਭਾਰਤ ਲਈ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਯੋਜਨਾ -PM-DevINE, , ਅਤੇ ASPIRATIONAL ਜ਼ਿਲ੍ਹਾ ਪ੍ਰੋਗਰਾਮ ਵਰਗੀਆਂ ਪ੍ਰਮੁੱਖ ਯੋਜਨਾਵਾਂ ਨੇ ਜ਼ਮੀਨੀ ਪੱਧਰ 'ਤੇ ਤਰੱਕੀ ਨੂੰ ਤੇਜ਼ ਕੀਤਾ ਏ । ਵਨ ਧਨ ਯੋਜਨਾ ਰਾਹੀਂ ਤਿੰਨ ਲੱਖ ਤੋਂ ਵੱਧ ਕਬਾਇਲੀਆਂ ਨੂੰ ਸਹਾਇਤਾ ਦਿੱਤੀ ਗਈ ਏ. 434 ਕਿਸਾਨ ਉਤਪਾਦਕ ਕੰਪਨੀਆਂ ਨੇ ਸੰਗਠਿਤ ਖੇਤੀਬਾੜੀ-ਕਾਰੋਬਾਰ ਦੀ ਹਮਾਇਤ ਕਰ ਕੇ ਦੋ ਲੱਖ ਤੋਂ ਵੱਧ ਕਿਸਾਨਾਂ ਨੂੰ ਲਾਭ ਪਹੁੰਚਾਇਆ ਏ । ਇਹ ਖੇਤਰ ਜੈਵਿਕ ਉਤਪਾਦਾਂ, ਖੁਰਾਕੀ ਤੇਲ, ਅਤੇ ਬਾਂਸ, ਅਗਰ ਦੀ ਲਕੜ ਅਤੇ ਏਰੀ ਸਿਲਕ ਵਰਗੇ ਰਵਾਇਤੀ ਉਤਪਾਦਾਂ ਲਈ ਇੱਕ ਕੇਂਦਰ ਵਜੋਂ ਵੀ ਉੱਭਰ ਰਿਹਾ ਹੈ। NEHHDC ਅਤੇ NERAMAC ਨੇ ਬਾਜ਼ਾਰ ਪਹੁੰਚ ਦਾ ਪਸਾਰ ਕੀਤਾ ਏ, ਜਿਸ ਵਿੱਚ ਸਥਾਨਕ ਕਾਰੀਗਰ ਅਤੇ ਬੁਣਕਰ, ਡਿਜ਼ਾਈਨ ਸਹਾਇਤਾ, ਬ੍ਰਾਂਡਿੰਗ ਅਤੇ ਰਾਸ਼ਟਰੀ ਪਲੇਟਫਾਰਮਾਂ ਤੋਂ ਲਾਭ ਪ੍ਰਾਪਤ ਕਰ*

*ਰਹੇ ਨੇ. ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੀ ਲਗਾਤਾਰ ਸੁਧਾਰ ਹੋ ਰਿਹਾ ਏ. ਸਾਖਰਤਾ ਦਰਾਂ ਵਿੱਚ ਵਾਧਾ ਹੋਇਆ ਏ, ਅਤੇ ULLAS ਮਿਸ਼ਨ ਤਹਿਤ ਮਿਜ਼ੋਰਮ ਨੂੰ ਪੂਰੀ ਤਰ੍ਹਾਂ ਸਾਖਰ ਐਲਾਨਿਆ ਗਿਆ ਏ. ਅਸਾਮ ਵਿੱਚ 15 ਹਸਪਤਾਲਾਂ ਦੇ ਨਾਲ ਦੱਖਣੀ ਏਸ਼ੀਆ ਦਾ ਸਭ ਤੋਂ ਵੱਡਾ ਕੈਂਸਰ ਕੇਅਰ ਨੈੱਟਵਰਕ ਹੋਵੇਗਾ। ਸੱਭਿਆਚਾਰਕ ਤਿਉਹਾਰਾਂ, ਅਜਾਇਬ ਘਰ ਪ੍ਰੋਜੈਕਟਾਂ, ਅਤੇ ਅਸਾਮ ਦੇ Moidams ਲਈ ਯੂਨੈਸਕੋ ਟੈਗ ਵਰਗੀ ਵਿਸ਼ਵਵਿਆਪੀ ਮਾਨਤਾ ਰਾਹੀਂ, ਉੱਤਰ-ਪੂਰਬ ਮਾਣ ਨਾਲ ਦੁਨੀਆ ਨੂੰ ਆਪਣੀ ਪਛਾਣ ਦਿਖਾ ਰਿਹਾ ਏ । ਭਾਰਤ ਦੀ ਕਹਾਣੀ ਦੇ ਹਾਸ਼ੀਏ 'ਤੇ ਹੋਣ ਤੋਂ, ਉੱਤਰ-ਪੂਰਬ ਹੁਣ ਤੇਜ਼ੀ ਨਾਲ ਦੇਸ਼ ਦੇ ਵਿਕਾਸ ਇੰਜਣਾਂ ਵਿੱਚੋਂ ਇੱਕ ਬਣ ਰਿਹਾ ਏ । ਭਿੰਨਤਾ ਨਾਲ ਭਰਪੂਰ ਇਹ ਖੇਤਰ ਹੁਣ ਮੌਕਿਆਂ ਨਾਲ ਭਰਪੂਰ ਹੁੰਦਾ ਜਾ ਰਿਹਾ ਏ ਤੇ, ਹਰ ਪਿੰਡ, ਵਾਦੀ ਅਤੇ ਆਵਾਜ਼ ਰਾਸ਼ਟਰੀ ਕਹਾਣੀ ਵਿੱਚ ਆਪਣੀ ਥਾਂ ਬਣਾ ਰਹੀ ਏ. ਬਿਊਰੋ ਰਿਪੋਰਟ ਨਾਲ ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ*

---------------------------------------------------------------

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪਟਿਆਲਾ ਜ਼ਿਲ੍ਹੇ ਦੇ ਦੁਧਨ-ਸਾਧਾਂ ਵਿਖੇ 8 ਕਰੋੜ 55 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਸਬ-ਡਵੀਜ਼ਨਲ ਕੰਪਲੈਕਸ ਦਾ ਉਦਘਾਟਨ ਕੀਤਾ. ਇਸ ਮੌਕੇ ਓਹਨਾਂ

ਕਿਹਾ ਕਿ ਹੁਣ ਲੋਕਾਂ ਦੇ ਸਾਰੇ ਜ਼ਰੂਰੀ ਕੰਮ ਇੱਕੋ ਇਮਾਰਤ ਚ ਹੋਇਆ ਕਰਨਗੇ ਤੇ ਓਹਨਾ ਨੂੰ ਹੁਣ ਦੂਰ ਜਾਣਾ ਨਹੀਂ ਪਵੇਗਾ। ਓਹਨਾ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਹੁਣ ਲੋਕਾਂ ਦੇ ਕੰਮ ਸਮੇਂ ਸਿਰ ਹੋਣਗੇ ਤੇ ਸਾਰੀਆਂ ਖੱਜਲ ਖ਼ੁਆਰੀਆਂ ਖਤਮ ਹੋਈਆਂ। ਇਸ ਮੌਕੇ ਮੁਖ – ਮੰਤਰੀ ਦੇ ਨਾਲ ਸਨੌਰ ਹਲਕੇ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ,ਪਟਿਆਲਾ ਦੇ ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ ਤੇ ਹੋਰ ਅਧਿਕਾਰੀ ਮੌਜੂਦ ਰਹੇ।

---------------------------------------------------------------------

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਨੂੰ ਪਾਰਦਰਸ਼ੀ ਬਣਾਉਣ ਲਈ ਆਮ – ਨਿਗਰਾਨ ਰਾਜੀਵ ਕੁਮਾਰ ਅਤੇ ਜ਼ਿਲ੍ਹਾ ਚੋਣ ਅਧਿਕਾਰੀ ਹਿਮਾਂਸ਼ੂ ਜੈਨ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਿਆਸੀ ਪਾਰਟੀਆਂ ਦੇ ਉਮੀਦਵਾਰਾਂ, ਉਨ੍ਹਾਂ ਦੇ ਨੁਮਾਇੰਦਿਆਂ ਅਤੇ ਆਜ਼ਾਦ ਉਮੀਦਵਾਰਾਂ ਨਾਲ ਇੱਕ ਮੀਟਿੰਗ ਕੀਤੀ। ਆਮ ਨਿਗਰਾਨ ਅਤੇ ਜ਼ਿਲ੍ਹਾ ਚੋਣ ਅਫਸਰ ਨੇ ਚੋਣ ਪ੍ਰਕਿਰਿਆ ਬਾਰੇ ਵੇਰਵੇ ਸਹਿਤ ਜਾਣਕਾਰੀ ਪ੍ਰਦਾਨ ਕੀਤੀ ਜਿਸ ਵਿੱਚ ਚੋਣ ਨਾਲ ਸਬੰਧਤ ਗਤੀਵਿਧੀਆਂ ਲਈ ਇਜਾਜ਼ਤਾਂ, ਪ੍ਰਤੀ ਉਮੀਦਵਾਰ 40 ਲੱਖ ਰੁਪਏ ਦੀ ਖਰਚ ਸੀਮਾ, ਆਦਰਸ਼ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਅਤੇ ਲੋਕਤੰਤਰੀ ਸਿਧਾਂਤਾਂ ਨੂੰ ਕਾਇਮ ਰੱਖਣ ਵਿੱਚ ਹਿੱਸੇਦਾਰਾਂ ਦੀ ਭੂਮਿਕਾ ਵਰਗੇ ਮੁੱਖ ਵਿਸ਼ਿਆਂ ਨਾਲ ਨਜਿਠਿਆ

ਗਿਆ। ਸ੍ਰੀ ਕੁਮਾਰ ਨੇ ਪਾਰਦਰਸ਼ਤਾ 'ਤੇ ਜ਼ੋਰ ਦਿੰਦਿਆਂ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਚੋਣ ਨਾਲ ਸਬੰਧਤ ਕਿਸੇ ਵੀ ਮਸਲੇ ਬਾਰੇ ਸਿਧਿਆਂ ਜਾਣਕਾਰੀ ਦੇਣ ਲਈ ਸੱਦਾ ਦਿੱਤਾ। ਉਹ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ ਸ਼ਾਮ 5 ਤੋਂ 6 ਵਜੇ ਤੱਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਇੰਟਰਨੈਸ਼ਨਲ ਗੈਸਟ ਹਾਊਸ ਵਿੱਚ ਮੀਟਿੰਗਾਂ ਲਈ ਉਪਲਬਧ ਨੇ ਜਾਂ ਉਨ੍ਹਾਂ ਨਾਲ ਨੰਬਰ 62 83 17 89 75 'ਤੇ ਫ਼ੋਨ ਰਾਹੀਂ ਸੰਪਰਕ ਕੀਤਾ ਜਾ ਸਕਦਾ ਏ

-----------------------------------------------------------------

ਪੰਜਾਬ ਵਿੱਚ, ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਹੋਏ ਲੋਕਾਂ ਦੀ ਮਾਨਸਿਕ ਸਥਿਤੀ ਦਾ ਅਧਿਐਨ ਕਰਕੇ, ਉਸ ਮੁਤਾਬਕ ਉਨ੍ਹਾਂ ਦਾ ਇਲਾਜ਼ ਕਰਨ ਲਈ 200 ਮਨੋਵਿਗਿਆਨੀਆਂ ਦੀ ਭਰਤੀ ਕੀਤੀ ਜਾਵੇਗੀ. ਇਸ ਬਾਰੇ ਚੰਡੀਗੜ੍ਹ ਵਿਖੇ ਇੱਕ ਪੱਤਰਕਾਰ ਸੰਮੇਲਨ ਵਿੱਚ ਜਾਣਕਾਰੀ ਦਿੰਦਿਆਂ, ਸੂਬੇ ਦੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਅਜਿਹੇ ਅਧਿਐਨ ਰਾਹੀਂ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਵਿੱਚ ਵੀ ਮਦਦ ਮਿਲਣ ਦੀ ਆਸ ਏ. ਉਨ੍ਹਾਂ ਦਸਿਆ ਕਿ ਇਹ ਭਰਤੀ CONTRACT ਦੇ ਆਧਾਰ 'ਤੇ 6 ਮਹੀਨਿਆਂ ਲਈ ਹੋਵੇਗੀ. ਇਸ ਸਮੇਂ ਦੌਰਾਨ ਮਨੋਵਿਗਿਆਨੀਆਂ ਦੀ ਪੱਕੀ ਭਰਤੀ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਜਾਵੇਗੀ.

ਖਜ਼ਾਨਾ ਮੰਤਰੀ ਨੇ ਦੱਸਿਆ ਕਿ ਨਸ਼ਿਆਂ ਦੇ ਮਰੀਜ਼ਾਂ ਲਈ ਪੰਜਾਬ ਭਰ ਦੇ ਸਰਕਾਰੀ ਹਸਪਤਾਲਾਂ ਅਤੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਬਿਸਤਰੇ ਉਪਲਬਧ ਨੇ. ਨਿੱਜੀ ਹਸਪਤਾਲਾਂ ਵਿੱਚ ਵੀ ਨਸ਼ਾ ਛੁਡਾਊ ਕੇਂਦਰ ਵਾਂਗ ਹੋਰ ਬਿਸਤਰੇ ਰਾਖਵੇਂ ਰੱਖੇ ਜਾਣਗੇ ਤਾਂ ਜੋ ਨਸ਼ੇ ਦੇ ਮਰੀਜ਼ਾਂ ਨੂੰ ਲੋੜ ਪੈਣ 'ਤੇ ਉਥੇ ਵੀ ਦਾਖਲ ਕਰਵਾਇਆ ਜਾ ਸਕੇ. ਇਨ੍ਹਾਂ ਦੀ ਡਾਕਟਰੀ ਦੇਖਭਾਲ ਦਾ ਖਰਚਾ ਪੰਜਾਬ ਸਰਕਾਰ ਚੁੱਕੇਗੀ. ਸ੍ਰੀ ਚੀਮਾ ਨੇ ਕਿਹਾ ਕਿ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਨੂੰ ਆਮ ਜਨਤਾ ਦਾ ਕਾਫੀ ਸਾਥ ਮਿਲ ਰਿਹਾ ਏ. ਲੋਕ ਆਪ ਅੱਗੇ ਆ ਕੇ ਆਪਣੇ ਰਿਸ਼ਤੇਦਾਰਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾ ਰਹੇ ਨੇ ਅਤੇ ਨਸ਼ਾ ਵੇਚਣ ਵਾਲਿਆਂ ਬਾਰੇ ਜਾਣਕਾਰੀ ਵੀ ਸਾਂਝੀ ਕਰ ਰਹੇ ਨੇ. ਉਨ੍ਹਾਂ ਦੱਸਿਆ ਕਿ ਇੱਕ ਅਨੁਮਾਨ ਮੁਤਾਬਕ ਹੁਸ਼ਿਆਰਪੁਰ, ਬਠਿੰਡਾ ਅਤੇ ਫਰੀਦਕੋਟ ਸਮੇਤ ਸੂਬੇ ਭਰ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ 1500 ਦੇ ਕਰੀਬ ਮਰੀਜ਼ ਦਾਖਲ ਨੇ, ਜੋ ਕਿ ਇਹ ਦਰਸਾਉਂਦਾ ਏ ਕਿ, ਲੋਕ ਨਸ਼ਾ ਛੱਡਣ ਦੀ ਇਛਾ ਰਖਦੇ ਨੇ.

-----------------------------------------------------------------

ਮੌਸਮ ਵਿਭਾਗ ਨੇ ਅਗਲੇ 2 ਦਿਨਾਂ ਦੌਰਾਨ, ਸੂਬੇ 'ਚ ਵੱਧ ਤੋਂ ਵੱਧ ਤਾਪਮਾਨ 43 - 45 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਪੇਸ਼ੀਨਗੋਈ ਕੀਤੀ ਏ ਜਿਸ ਨਾਲ ਲੂਅ ਚਲਣ ਦੀ ਸੰਭਾਵਨਾ ਏ। ਚੰਡੀਗੜ੍ਹ ਤੇ

ਹਰਿਆਣਾ ‘ਚ ਤਾਪਮਾਨ 41 ਤੋਂ 43 ਦਰਮਿਆਨ ਰਹਿਣ ਦੀ ਉਮੀਦ ਏ. ਮੌਸਮ ਵਿਭਾਗ ਨੇ ਇਸ ਸਮੇਂ ਦੌਰਾਨ ਧੁੱਪ ਤੇ ਗਰਮੀ ਤੋਂ ਬਚਣ, ਹਲਕੇ ਰੰਗ ਦੇ ਢਿੱਲੇ ਸੂਤੀ ਕਪੜੇ ਪਾਉਣ ਅਤੇ ਉਚਿਤ ਮਾਤਰਾ 'ਚ ਪਾਣੀ ਪੀਂਦੇ ਰਹਿਣ ਦੀ ਸਲਾਹ ਦਿੱਤੀ ਏ.

-----------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਕਹਿਣਾ ਏ ਕਿ, 140 ਕਰੋੜ ਭਾਰਤੀਆਂ ਦੇ ਆਸ਼ੀਰਵਾਦ ਅਤੇ ਸਮੂਹਿਕ ਹਿੱਸੇਦਾਰੀ ਨਾਲ, ਦੇਸ਼ ਨੇ ਪਿਛਲੇ 11 ਸਾਲਾਂ ਵਿੱਚ, ਵੱਖ-ਵੱਖ ਖੇਤਰਾਂ ਵਿੱਚ ਤੇਜ਼ੀ ਨਾਲ ਬਦਲਾਅ ਦੇਖੇ ਨੇ ।
- ਸੂਬੇ ਦੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਅੱਜ ਪਟਿਆਲਾ ਜ਼ਿਲ੍ਹੇ ਦੇ ਦੁਧਨ-ਸਾਧਾਂ ਵਿਖੇ 8 ਕਰੋੜ 55 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਸਬ-ਡਵੀਜ਼ਨਲ ਕੰਪਲੈਕਸ ਦਾ ਉਦਘਾਟਨ ਕੀਤਾ.
- ਲੁਧਿਆਣਾ ਪੱਛਮੀ ਜ਼ਿਮਨੀ ਚੋਣ ਨੂੰ ਪਾਰਦਰਸ਼ੀ ਬਣਾਉਣ ਲਈ ਆਮ – ਨਿਗਰਾਨ ਰਾਜੀਵ ਕੁਮਾਰ ਅਤੇ ਜ਼ਿਲ੍ਹਾ ਚੋਣ ਅਧਿਕਾਰੀ ਹਿਮਾਂਸ਼ੂ ਜੈਨ ਨੇ ਸਿਆਸੀ ਪਾਰਟੀਆਂ ਅਤੇ ਆਜ਼ਾਦ ਉਮੀਦਵਾਰਾਂ ਨਾਲ ਇੱਕ ਮੀਟਿੰਗ ਕੀਤੀ।

- ਪੰਜਾਬ ਦੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਹੋਏ ਲੋਕਾਂ ਦੀ ਮਾਨਸਿਕ ਸਥਿਤੀ ਦਾ ਅਧਿਐਨ ਕਰਕੇ, ਇਲਾਜ ਕਰਨ ਵਾਸਤੇ 200 ਮਨੋਵਿਗਿਆਨੀਆਂ ਦੀ ਭਰਤੀ ਕੀਤੀ ਜਾਵੇਗੀ.
- ਮੌਸਮ ਵਿਭਾਗ ਨੇ ਅਗਲੇ 2 ਦਿਨਾਂ ਦੌਰਾਨ, ਸੂਬੇ ‘ਚ ਵੱਧ ਤੋਂ ਵੱਧ ਤਾਪਮਾਨ 43 - 45 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਪੇਸ਼ੀਨਗੋਈ ਕੀਤੀ ਏ